# ਪ੍ਰਸ਼ਨ-ਪੱਤਰ ਬਣਤਰ
## ਜਮਾਤ-ਬਾਰ੍ਹਵੀਂ
## ਲਾਜ਼ਮੀ ਪੰਜਾਬੀ
## ਵਿੱਦਿਅਕ ਵਰ੍ਹਾ: 2020-2021

ਸਮਾਂ: 3 ਘੰਟੇ — ਲਿਖਤੀ ਅੰਕ= 80,ਅਾਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੋਵੇਗਾ।
(2) ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ।
(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

ਪ੍ਰਸ਼ਨ 1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ।

ਪ੍ਰਸ਼ਨ 2. ਇਸ ਵਿੱਚ ਨਿਮਨਲਿਖਤ ਭਾਗਾਂ ਵਾਲੇ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ:

ਭਾਗ(ੳ): ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ 5 ਪ੍ਰਸ਼ਨ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।
ਭਾਗ(ਅ): ਇਸ ਵਿੱਚ ਬਹੁ-ਚੋਣਵੇਂ 5 ਪ੍ਰਸ਼ਨ ਹੋਣਗੇ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।
( ਹਰੇਕ ਪ੍ਰਸ਼ਨ ਦੀਆਂ ਅੱਗੇ ਚਾਰ ਆਪਸ਼ਨਜ਼/ਵਿਕਲਪ ਹੋਣਗੇ)
ਭਾਗ(ੲ): ਇਸ ਵਿੱਚ 5 ਕਥਨ ਦੇ ਕੇ ਉਸ ਦੇ ਸਹੀ ਜਾਂ ਗ਼ਲਤ ਹੋਣ ਦਾ ਉੱਤਰ ਦੇਣਾ ਹੋਵੇਗਾ।ਹਰੇਕ ਕਥਨ ਦੇ 2 ਅੰਕ ਹੋਣਗੇ।
ਭਾਗ(ਸ): ਇਹ ਭਾਗ ਖ਼ਾਲੀ ਥਾਵਾਂ ਭਰਨ ਨਾਲ ਸੰਬੰਧਿਤ ਹੋਵੇਗਾ।ਇਸ ਵਿੱਚ 5 ਵਾਕਾਂ ਵਿੱਚ ਇੱਕ-ਇੱਕ ਖ਼ਾਲੀ ਥਾਂ ਭਰਨ ਲਈ ਦਿੱਤੀ ਜਾਵੇਗੀ।ਹਰੇਕ ਵਾਕ ਦੀ ਸਹੀ ਖ਼ਾਲੀ ਥਾਂ ਭਰਨ ਦੇ 2 ਅੰਕ ਹੋਣਗੇ।ਇਸ ਭਾਗ ਵਿੱਚ ਹਰੇਕ ਵਾਕ ਦੀ ਖ਼ਾਲੀ ਥਾਂ ਦੇ ਦੋ ਵਿਕਲਪ/ਆਪਸ਼ਨਜ਼ ਬਰੈਕਟ ਵਿੱਚ ਦਿੱਤੀਆਂ ਜਾਣਗੀਆਂ।

ਇਹ ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀ ਨਿਰਧਾਰਿਤ ਪਾਠ-ਪੁਸਤਕ ਦੇ ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ,ਕਵਿਤਾਵਾਂ,ਕਹਾਣੀਆਂ ਅਤੇ ਅਖਾਉਤਾਂ ਵਿੱਚੋਂ ਲੋੜੀਂਦੇ ਅਨੁਪਾਤ ਅਨੁਸਾਰ ਹੋਣਗੇ। **20x2=40**

ਪ੍ਰਸ਼ਨ 3. ਲਾਜ਼ਮੀ ਪੰਜਾਬੀ-12 ਦੇ ਪੰਜਾਬੀ ਸਭਿਆਚਾਰ ਭਾਗ ਦੇ ਪਾਠਾਂ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਪੰਜ ਪ੍ਰਸ਼ਨ ਪੁੱਛ ਕੇ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 2*3=6

ਪ੍ਰਸ਼ਨ 4. ਪਾਠ-ਪੁਸਤਕ ਵਿੱਚੋਂ 2 ਕਾਰ-ਵਿਹਾਰ ਦੇ ਪੱਤਰ ਦੇ ਕੇ ਕੋਈ ਇੱਕ ਪੱਤਰ ਲਿਖਣ ਲਈ ਕਿਹਾ ਜਾਵੇਗਾ। 1+3+1=5

ਪ੍ਰਸ਼ਨ 5. ਪਾਠ-ਪੁਸਤਕ ਵਿੱਚੋਂ ਇੱਕ ਪੈਰੇ ਦੀ ਸੰਖੇਪ ਰਚਨਾ ਕਰਕੇ ਉਸ ਦਾ ਢੁਕਵਾਂ ਸਿਰਲੇਖ ਲਿਖਣ ਲਈ ਕਿਹਾ ਜਾਵੇਗਾ।ਸੰਖੇਪ ਰਚਨਾ ਦੇ 3 ਅੰਕ ਅਤੇ ਢੁਕਵੇਂ ਸਿਰਲੇਖ ਲਈ 1 ਅੰਕ ਹੋਣਗੇ। 3+1=4

ਪ੍ਰਸ਼ਨ 6. ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋਂ ਦੋ ਸ਼ਬਦ-ਸਮੂਹ ਦੇ ਕੇ ਕਿਸੇ ਇੱਕ ਸ਼ਬਦ-ਸਮੂਹ ਦੀ ਕੋਸ਼ ਅਨੁਸਾਰ ਤਰਤੀਬ ਲਿਖਣ ਲਈ ਕਿਹਾ ਜਾਵੇਗਾ। 6*1/2=3

ਪ੍ਰਸ਼ਨ 7. ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋਂ 6 ਵਾਕ ਦੇ ਕੇ ਕੋਈ ਤਿੰਨ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰਨ ਲਈ ਕਿਹਾ ਜਾਵੇਗਾ। 1*3=3

ਪ੍ਰਸ਼ਨ 8. ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋਂ 5 ਅਖਾਉਤਾਂ ਵਿੱਚੋਂ ਕੋਈ ਤਿੰਨ ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। 3*2=6

ਪ੍ਰਸ਼ਨ 9. ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 3

ਪ੍ਰਸ਼ਨ 10. ਪਾਠ-ਪੁਸਤਕ ਵਿੱਚੋਂ 2 ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5